Website.www.mcmohali.org
E-mail:mcsasnagar@gmail.com

Phone:0172-5092581 (Mayor)
0172-5044911(Commissioner)
0172-5044910(JointCommissioner)

# ਦਫਤਰ ਨਗਰ ਨਿਗਮ

## ਮਿਊਂਸਪਲ ਭਵਨ, ਸੈਕਟਰ-68, ਸਾਹਿਬਜਾਦਾ ਅਜੀਤ ਸਿੰਘ ਨਗਰ ( ਮੋਹਾਲੀ)

ਨੰਬਰ: 2288 ਮਿਤੀ: 22/10/2021

**ਨਗਰ ਨਿਗਮ, ਸਾਹਿਬਜਾਦਾ ਅਜੀਤ ਸਿੰਘ ਨਗਰ ਵੱਲੋਂ ਸਫਾਈ ਸੇਵਕ ਅਤੇ ਸੀਵਰਮੈਨਾਂ ਦੀ ਭਰਤੀ ਸਬੰਧੀ**

**ਮਹਤੱਵਪੂਰਨ ਮਿਤੀਆਂ :-**

ਇਸ਼ਤਿਹਾਰ ਪ੍ਰਕਾਸ਼ਿਤ ਹੋਣ ਦੀ ਮਿਤੀ : 22.10.2021
ਆਨਲਾਈਨ ਅਰਜ਼ੀਆਂ ਅਪਲਾਈ ਕਰਨ ਦੀ ਸ਼ੁਰੂਆਤੀ ਮਿਤੀ : 25.10.2021
ਆਨਲਾਈਨ ਆਰਜ਼ੀਆਂ ਅਪਲਾਈ /ਸਬਮਿੱਟ ਕਰਨ ਦੀ ਆਖਰੀ ਮਿਤੀ : 08.11.2021
ਫੀਸ ਭਰਨ ਦੀ ਆਖਰੀ ਮਿਤੀ : 11.11.2021

1. 959 ਸਫਾਈ ਸੇਵਕਾਂ ਅਤੇ 61 ਸੀਵਰਮੈਨਾਂ ਦੀ ਕਿਰਤ ਵਿਭਾਗ, ਪੰਜਾਬ ਵੱਲੋਂ ਨਿਰਧਾਰਤ ਘੱਟੋ ਘੱਟ ਉਜਰਤਾਂ / ਡੀ.ਸੀ. ਰੇਟ ਤੇ ਸਫਾਈ ਸੇਵਕ ਅਤੇ ਸੀਵਰਮੈਨਾਂ ਦੀ ਠੇਕੇ ਤੇ ਭਰਤੀ ਲਈ ਯੋਗ ਉਮੀਦਵਾਰਾਂ ਤੋਂ ਦਰਖਾਸਤਾਂ ਦੀ ਮੰਗ ਕੀਤੀ ਜਾਂਦੀ ਹੈ।

2. ਕੋਈ ਵੀ ਉਮੀਦਵਾਰ ਉੱਕਤ ਦਰਸਾਈਆਂ ਦੋਨਾਂ ਆਸਾਮੀਆਂ (ਸਫਾਈ ਸੇਵਕ ਅਤੇ ਸੀਵਰਮੈਨ) ਲਈ ਆਪਣੀ ਅਰਜੀ ਦੇ ਸਕਦਾ ਹੈ। ਅਜਿਹੇ ਉਮੀਦਵਾਰ ਨੂੰ ਆਪਣੀ ਅਰਜੀ ਵਿੱਚ ਇਸ ਸਬੰਧੀ ਦਰਸਾਉਣਾ ਹੋਵੇਗਾ ਅਤੇ ਦੋਨਾਂ ਆਸਾਮੀਆਂ ਵਿੱਚੋਂ ਆਪਣੀ ਪਹਿਲੀ ਅਤੇ ਦੂਸਰੀ ਤਰਜੀਹ ਦਰਸਾਉਣੀ ਜਰੂਰੀ ਹੋਵੇਗੀ।

3. ਸਫਾਈ ਸੇਵਕ ਦੀਆਂ ਅਸਾਮੀਆਂ ਦਾ ਵਰਗੀਕਰਣ :-

| ਲੜੀ ਨੰਬਰ | ਵਰਗ | ਕੁੱਲ ਅਸਾਮੀਆਂ ਦੀ ਗਿਣਤੀ | ਕੁੱਲ ਅਸਾਮੀਆਂ ਵਿੱਚੋਂ ਇਸਤਰੀਆਂ ਲਈ ਰਾਖਵੀਆਂ ਅਸਾਮੀਆਂ ਦੀ ਗਿਣਤੀ। |
|---|---|---|---|
| 1 | ਆਮ ( General) | 375 | 106 |
| 2 | ਆਰਥਿੱਕ ਤੌਰ ਤੇ ਕਮਜੋਰ ਵਰਗ (ਆਮ) ( EWS) ( General) | 96 | 29 |
| 3 | ਅਨੁਸੂਚਿਤ ਜਾਤੀ ( ਮਜਬੀ ਅਤੇ ਬਾਲਮੀਕੀ) S.C ( M & B) | 96 | 39 |
| | ਅਨੁਸੂਚਿਤ ਜਾਤੀ ( ਰਾਮਦਾਸੀਆ ਤੇ ਹੋਰ) S.C ( R & O) | 96 | 38 |
| 4 | ਪੱਛੜੀ ਸ਼੍ਰੇਣੀ ( B.C) | 96 | 38 |
| 5 | ਸਾਬਕਾ ਫੌਜੀ -ਆਮ ਵਰਗ ( ESM.Gen) | 67 | 38 |
| 6 | ਸਾਬਕਾ ਫੌਜੀ- ( ਅਨੁਸੂਚਿਤ ਜਾਤੀ ( ਮਜਬੀ ਅਤੇ ਬਾਲਮੀਕੀ) ( ESM,S.C) ( M&B) | 19 | ਨਿੱਲ |
| | ਸਾਬਕਾ ਫੌਜੀ- ( ਅਨੁਸੂਚਿਤ ਜਾਤੀ ( ਰਾਮਦਾਸੀਆ ਤੇ ਹੋਰ) (E.S.M, S.C ) ( R & O) | 19 | ਨਿੱਲ |
| 7 | ਸਾਬਕਾ ਫੌਜੀ- ਪੱਛੜੀ ਸ਼੍ਰੇਣੀ (E.S.M, B.C) | 19 | ਨਿੱਲ |
| 8 | ਖਿਡਾਰੀ ਆਮ ਵਰਗ (Sports General.) | 19 | 10 |
| 9 | ਖਿਡਾਰੀ ( ਅਨੁਸੂਚਿਤ ਜਾਤੀ ( ਮਜਬੀ ਅਤੇ ਬਾਲਮੀਕੀ) (Sports S.C) (M & B) | 05 | ਨਿੱਲ |
| 10 | ਖਿਡਾਰੀ ( ਅਨੁਸੂਚਿਤ ਜਾਤੀ ( ਮਜਬੀ ਅਤੇ ਬਾਲਮੀਕੀ) (Sports S.C) (R& O) | 05 | ਨਿੱਲ |
| 11 | ਦਿਵਿਆਂਗਜਨ (ਨੇਤਰਹੀਣ ਅਤੇ ਘੱਟ ਨਜਰ) (Handicapped) ( Blind and Low Vision) | 10 | 04 |
| 12 | ਦਿਵਿਆਂਗਜਨ (ਗੂੰਗੇ ਅਤੇ ਬੋਲੇ) (Handicapped) (Deaf and Hard of Hearing) | 09 | 03 |
| 13 | ਦਿਵਿਆਂਗਜਨ (ਲੋਕੋਮੋਟਰ ਅਪਾਹਜਤਾ) (Handicapped) ( Locomotor Disability) | 10 | 04 |
| 14 | ਦਿਵਿਆਂਗਜਨ (ਬੌਧਿਕ ਅਪਾਹਜਤਾ) (Handicapped) ( Intellectual Disability) | 09 | 03 |
| 15 | ਸੁਤੰਤਰਤਾ ਸੰਗਰਾਮੀ ( Freedom Fighters) | 09 | 04 |
| | | 959 | |

4. ਸੀਵਰਮੈਨ ਦੀਆਂ ਅਸਾਮੀਆਂ ਦਾ ਵਰਗੀਕਰਣ :-

| ਲੜੀ ਨੰਬਰ | ਵਰਗ | ਕੁੱਲ ਅਸਾਮੀਆਂ ਦੀ ਗਿਣਤੀ | ਕੁੱਲ ਅਸਾਮੀਆਂ ਵਿੱਚੋਂ ਇਸਤਰੀਆਂ ਲਈ ਰਾਖਵੀਆਂ ਅਸਾਮੀਆਂ ਦੀ ਗਿਣਤੀ। |
|---|---|---|---|
| 1 | ਆਮ ( General) | 24 | 7 |
| 2 | ਆਰਥਿੱਕ ਤੌਰ ਤੇ ਕਮਜੋਰ ਵਰਗ (ਆਮ) ( EWS) ( General) | 6 | 2 |
| 3 | ਅਨੁਸੂਚਿਤ ਜਾਤੀ ( ਮਜਬੀ ਅਤੇ ਬਾਲਮੀਕੀ) (S.C ) ( M & B) | 7 | 3 |
| 4 | ਅਨੁਸੂਚਿਤ ਜਾਤੀ ( ਰਾਮਦਾਸੀਆ ਤੇ ਹੋਰ) ( S.C) ( R & O) | 6 | 3 |
| 5 | ਪੱਛੜੀ ਸ਼੍ਰੇਣੀ ( B.C) | 6 | 2 |
| 6 | ਸਾਬਕਾ ਫੌਜੀ -ਆਮ ਵਰਗ ( ESM.Gen) | 5 | 3 |
| 7 | ਸਾਬਕਾ ਫੌਜੀ- ( ਅਨੁਸੂਚਿਤ ਜਾਤੀ ( ਮਜਬੀ ਅਤੇ ਬਾਲਮੀਕੀ) ( ESM, S.C) ( M&B) | 1 | ਨਿੱਲ |
| | ਸਾਬਕਾ ਫੌਜੀ- ( ਅਨੁਸੂਚਿਤ ਜਾਤੀ ( ਰਾਮਦਾਸੀਆ ਤੇ ਹੋਰ) ( ESM-S.C) ( R & O) | 1 | ਨਿੱਲ |
| 7 | ਸਾਬਕਾ ਫੌਜੀ- ਪੱਛੜੀ ਸ਼੍ਰੇਣੀ (E.S.M, B.C) | 1 | ਨਿੱਲ |
| 8 | ਖਿਡਾਰੀ ਆਮ ਵਰਗ (Sports General.) | 1 | 1 |
| 9 | ਖਿਡਾਰੀ ( ਅਨੁਸੂਚਿਤ ਜਾਤੀ ( ਮਜਬੀ ਅਤੇ ਬਾਲਮੀਕੀ) (Sports S.C) (M & B) | 1 | ਨਿੱਲ |
| 10 | ਖਿਡਾਰੀ ( ਅਨੁਸੂਚਿਤ ਜਾਤੀ ( ਮਜਬੀ ਅਤੇ ਬਾਲਮੀਕੀ) (Sports S.C) (R& O) | ਨਿੱਲ | ਨਿੱਲ |
| 11 | ਦਿਵਿਆਂਗਜਨ (ਨੇਤਰਹੀਣ ਅਤੇ ਘੱਟ ਨਜਰ) (Handicapped) ( Blind and Low Vision) | 1 | ਨਿੱਲ |
| 12 | ਦਿਵਿਆਂਗਜਨ (ਗੁੰਗੇ ਅਤੇ ਬੋਲੇ) ( Handicapped) (Deaf and Hard of Hearing) | 1 | 1 |
| 13 | ਦਿਵਿਆਂਗਜਨ ( ਲੋਕੋਮੋਟਰ ਅਪਾਹਜਤਾ) (Handicapped) ( Locomotor Disability) | ਨਿੱਲ | ਨਿੱਲ |
| 14 | ਦਿਵਿਆਂਗਜਨ ( ਬੌਧਿਕ ਅਪਾਹਜਤਾ) ( Handicapped) ( Intellectual Disability) | ਨਿੱਲ | ਨਿੱਲ |
| 15 | ਸੁਤੰਤਰਤਾ ਸੰਗਰਾਮੀ ( Freedom Fighters) | ਨਿੱਲ | ਨਿੱਲ |
| | ਕੁੱਲ | 61 | |

5. **ਸ਼੍ਰੇਣੀ ਕੋਡ (Category Code)**

ਵੱਖ-ਵੱਖ ਸ਼੍ਰੇਣੀਆਂ ਦੇ ਕੋਡ ਹੇਠ ਲਿਖੇ ਅਨੁਸਾਰ ਹਨ। ਉਮੀਦਵਾਰਾਂ ਵੱਲੋਂ ਅਪਲਾਈ ਕਰਨ ਸਮੇਂ ਸ਼੍ਰੇਣੀ ਕੋਡ ਸਪੱਸਟ ਰੂਪ ਵਿੱਚ ਦਰਸਾਇਆ ਜਾਵੇ :-

| ਲੜੀ ਨੰ: | ਵਰਗ / Category | Code |
|---|---|---|
| 1) | ਆਮ ( General) | 101 |
| 2) | ਆਰਥਿੱਕ ਤੌਰ ਤੇ ਕਮਜੋਰ ਵਰਗ (ਆਮ) ( EWS( General) | 102 |
| 3) | ਅਨੁਸੂਚਿਤ ਜਾਤੀ ( ਮਜਬੀ ਅਤੇ ਬਾਲਮੀਕੀ) S.C ( M & B) | 103 |
| 4) | ਅਨੁਸੂਚਿਤ ਜਾਤੀ ( ਰਾਮਦਾਸੀਆ ਤੇ ਹੋਰ) ( S.C ( R & O) | 104 |
| 5) | ਪੱਛੜੀ ਸ਼੍ਰੇਣੀ ( B.C) | 105 |
| 6) | ਸਾਬਕਾ ਫੌਜੀ -ਆਮ ਵਰਗ ( ਖੁਦ) ( ESM.Gen,Self) | 106 |
| 7) | ਸਾਬਕਾ ਫੌਜੀ- ਆਮ ਵਰਗ ( ਆਸ਼ਰਤ) ( ESM.Gen Dependent) | 107 |
| 8) | ਸਾਬਕਾ ਫੌਜੀ ( ਅਨੁਸੂਚਿਤ ਜਾਤੀ ( ਮਜਬੀ ਅਤੇ ਬਾਲਮੀਕੀ) (ਖੁਦ) ( ESM,S.C)( M&B )(Self) | 108 |
| 9) | ਸਾਬਕਾ ਫੌਜੀ ( ਅਨੁਸੂਚਿਤ ਜਾਤੀ ( ਮਜਬੀ ਅਤੇ ਬਾਲਮੀਕੀ) (ਆਸ਼ਰਿਤ) (ESM.S.C ) ( M&B) ( Dependent) | 109 |
| 10) | ਸਾਬਕਾ ਫੌਜੀ ( ਅਨੁਸੂਚਿਤ ਜਾਤੀ ( ਰਾਮਦਾਸੀਆ ਤੇ ਹੋਰ) (ਖੁਦ) (ESM.S.C ) ( R & O) ( Self) | 110 |
| 11) | ਸਾਬਕਾ ਫੌਜੀ ( ਅਨੁਸੂਚਿਤ ਜਾਤੀ (ਰਾਮਦਾਸੀਆ ਤੇ ਹੋਰ) (ਆਸ਼ਰਿਤ) (ESM.S.C ) ( R & O) (Dependent) | 111 |
| 12) | ਸਾਬਕਾ ਫੌਜੀ- ਪੱਛੜੀ ਸ਼੍ਰੇਣੀ ( ਖੁਦ) (E.S.M.B.C) ( Self) | 112 |

| | | |
|---|---|---|
| 13) | ਸਾਬਕਾ ਫੌਜੀ- ਪੱਛੜੀ ਸ਼੍ਰੇਣੀ ( ਆਸ਼ਰਿਤ) (E.S.M.B.C) ( Dependent) | 113 |
| 14) | ਖਿਡਾਰੀ ਆਮ ਵਰਗ (Sports General.) | 114 |
| 15) | ਖਿਡਾਰੀ ( ਅਨੁਸੂਚਿਤ ਜਾਤੀ ( ਮਜਬੀ ਅਤੇ ਬਾਲਮੀਕੀ) (Sports S.C) (M & B) | 115 |
| 16) | ਖਿਡਾਰੀ ( ਅਨੁਸੂਚਿਤ ਜਾਤੀ (ਰਾਮਦਾਸੀਆ ਤੇ ਹੋਰ) (Sports S.C) (R & O) | 116 |
| 17) | ਦਿਵਿਆਂਗਜਨ (ਨੇਤਰਹੀਣ ਅਤੇ ਘੱਟ ਨਜ਼ਰ) (Handicapped) ( Blind and Low Vision) | 117 |
| 18) | ਦਿਵਿਆਂਗਜਨ (ਗੁੰਗੇ ਅਤੇ ਬੋਲੇ) ( Handicapped) (Deaf and Hard of Hearing) | 118 |
| 19) | ਦਿਵਿਆਂਗਜਨ ( ਲੋਕੋਮੋਟਰ ਅਪਾਹਜਤਾ) ( Handicapped) (Locomotor Disability) | 119 |
| 20) | ਦਿਵਿਆਂਗਜਨ ( ਬੌਧਿਕ ਅਪਾਹਜਤਾ) ( Handicapped) ( Intellectual Disability) | 120 |
| 21 | ਸੁਤੰਤਰਤਾ ਸੰਗਰਾਮੀ ( Freedom Fighter) | 121 |

6. **ਫੀਸ ਦਾ ਵੇਰਵਾ:-**

| | |
|---|---|
| ਆਮ ਵਰਗ/ ਸੁਤੰਤਰਤਾ ਸੰਗਰਾਮੀ/ਖਿਡਾਰੀ | 500 / ਰੁਪਏ |
| ਐਸ.ਸੀ/ ਬੀ.ਸੀ/ ਆਰਥਿਕ ਤੌਰ ਤੇ ਕਮਜ਼ੋਰ ਵਰਗ | 250/ ਰੁਪਏ |
| ਸਾਬਕਾ ਫੌਜੀ ਅਤੇ ਆਸ਼ਰਿਤ | 100/ ਰੁਪਏ |
| ਦਿਵਿਆਂਗ | 150/ਰੁਪਏ |

ਨੋਟ: 1. ਉਮੀਦਵਾਰਾਂ ਦੁਆਰਾ ਅਦਾ ਕੀਤੀ ਫੀਸ ਕਿਸੇ ਵੀ ਸਥਿਤੀ ਵਿੱਚ ਵਾਪਸ ਨਹੀ ਕੀਤੀ ਜਾਵੇਗੀ।

7. **ਵਿਦਿਅੱਕ ਯੋਗਤਾ:-**

   1) ਉਮੀਦਵਾਰ ਨੂੰ ਪੜਨ- ਲਿਖਣ ( Literate ) ਦੀ ਜਾਣਕਾਰੀ ਹੋਣਾ ਲਾਜ਼ਮੀ ਹੈ।

8. **ਤਜਰਬਾ:-**

   1) ਚੋਣ ਲਈ ਨਿਰਧਾਰਤ ਕੁੱਲ 20 ਅੰਕਾਂ ਵਿੱਚੋਂ ਤਜਰਬੇ ਦੇ ਵਿਰੁੱਧ ਦਿੱਤੇ ਜਾਣ ਵਾਲੇ ਅੰਕਾਂ ਦਾ ਲਾਭ ਸਿਰਫ ਉਹਨਾਂ ਉਮੀਦਵਾਰਾਂ ਨੂੰ ਦਿੱਤਾ ਜਾਵੇਗਾ, ਜਿਹਨਾਂ ਪਾਸ ਨਗਰ ਨਿਗਮ, ਸਾਹਿਬਜਾਦਾ ਅਜੀਤ ਸਿੰਘ ਨਗਰ ਵਿਖੇ ਸਬੰਧਤ ਆਸਾਮੀ ਭਾਵ ਬਤੌਰ ਸਫਾਈ ਸੇਵਕ ਜਾਂ ਸੀਵਰਮੈਨ ਆਊਟਸੋਰਸ ਰਾਹੀਂ ਕੰਮ ਕਰਨ ਦਾ ਤਜਰਬਾ ਹੋਵੇਗਾ। ਤਜਰਬਾ ਸਰਟੀਫਿਕੇਟ ਅਨੁਲੱਗ " ਓ " ਅਨੁਸਾਰ ਹੋਣਾ ਲਾਜਮੀ ਹੈ।

9. **ਰਾਖਵਾਂਕਰਨ / Reservation ਸਬੰਧੀ ਮਹੱਤਵਪੂਰਨ ਹਦਾਇਤਾਂ:**

   9.1. ਉਮੀਦਵਾਰ ਸ਼੍ਰੇਣੀ ਅਤੇ ਇਸਦੇ ਕੋਡ ਦਾ ਧਿਆਨ ਰੱਖਦੇ ਹੋਏ ਆਨਲਾਈਨ ਫਾਰਮ ਧਿਆਨ ਨਾਲ ਭਰਨ ਕਿਉਂ ਕਿ ਕਿਸੇ ਵੀ ਸਟੇਜ ਤੇ ਸ਼੍ਰੇਣੀ ਅਤੇ ਸ਼੍ਰੇਣੀ-ਕੋਡ ਤਬਦੀਲ ਨਹੀ ਕੀਤਾ ਜਾ ਸਕੇਗਾ।

   9.2. ਸ਼੍ਰੇਣੀ ਕੋਡ ਉੱਕਤ ਦਰਸਾਈਆਂ ਆਸਾਮੀਆਂ ਦੇ ਅਨੁਸਾਰ ਹੀ ਭਰਿਆ ਜਾਵੇ। ਉਮੀਦਵਾਰ ਕਿਸੇ ਵੀ ਅਜਿਹੇ ਸ਼੍ਰੇਣੀ ਕੋਡ ਵਿਰੁੱਧ ਅਪਲਾਈ ਨਾ ਕਰਨ ਜੋ ਉਪਰ ਦਰਸਾਈ ਸਾਰਣੀ ਵਿੱਚ ਦਰਜ ਨਹੀਂ ਕੀਤੀ ਗਈ।

   9.3. ਰਾਖਵਾਂਕਰਨ ਦਾ ਲਾਭ ਕੇਵਲ ਪੰਜਾਬ ਦੇ ਵਸਨੀਕਾਂ ਨੂੰ ਹੀ ਮਿਲਣਯੋਗ ਹੋਵੇਗਾ, ਇਸ ਲਈ ਸ਼੍ਰੇਣੀ ਅਤੇ ਸ਼੍ਰੇਣੀ ਕੋਡ ਭਰਨ ਸਮੇਂ ਉਮੀਦਵਾਰ ਇਸ ਗੱਲ ਦਾ ਧਿਆਨ ਰੱਖੇਗਾ। ਉਮੀਦਵਾਰ ਵੱਲੋਂ ਆਨਲਾਈਨ ਭਰੇ ਗਏ ਫਾਰਮ ਵਿੱਚ ਦਰਜ ਸ਼੍ਰੇਣੀ ਅਤੇ ਸ਼੍ਰੇਣੀ - ਕੋਡ ਦੇ ਆਧਾਰ ਤੇ ਹੀ ਪਾਤਰਤਾ ਨੂੰ ਵਿਚਾਰਿਆ ਜਾਵੇਗਾ।

   9.4. ਰਾਖਵਾਂਕਰਨ ਦਾ ਲਾਭ ਲੈਣ ਲਈ ਉਮੀਦਵਾਰ ਪੰਜਾਬ ਦਾ ਵਸਨੀਕ ਹੋਣ ਦਾ ਤਾਜਾ ਜਾਰੀ ਹੋਇਆ ਸਰਟੀਫਿਕੇਟ ( Domicile Certificate) ਪੇਸ਼ ਕਰੇਗਾ। ਇਹ ਸਰਟੀਫਿਕੇਟ ਉਮੀਦਵਾਰ ਵੱਲੋਂ ਦਰਖਾਸਤ ਜਮਾਂ ਕਰਨ ਦੀ ਮਿਤੀ ਨੂੰ ਕਿਸੇ ਵੀ ਸਥਿਤੀ ਵਿੱਚ 5 ਸਾਲ ਤੋਂ ਪੁਰਾਣਾ ਨਹੀਂ ਹੋਣਾ ਚਾਹੀਦਾ।

   9.5. ਅਨੁਸੂਚਿਤ ਜਾਤੀ/ ਪੱਛੜੀ ਸ਼੍ਰੇਣੀ/ ਸਾਬਕਾ ਫੌਜੀਆਂ/ ਆਰਥਿਕ ਤੌਰ ਤੇ ਕਮਜ਼ੋਰ ਵਰਗ ਦਾ ਸਰਟੀਫਿਕੇਟ ਪੰਜਾਬ ਸਰਕਾਰ ਦੀਆਂ ਪ੍ਰਚੱਲਿਤ ਹਦਾਇਤਾਂ ਅਨੁਸਾਰ ਹੋਣਾ ਲਾਜ਼ਮੀ ਹੈ।

   9.6. ਉਮੀਦਵਾਰ ਕਾਊਂਸਲਿੰਗ ਸਮੇਂ ਅਤੇ ਹੋਰ ਕਿਸੇ ਵੀ ਸਟੇਜ ਤੇ ਨਗਰ ਨਿਗਮ ਦੀ ਮੰਗ ਅਨੁਸਾਰ ਸ਼੍ਰੇਣੀ ਨਾਲ ਸਬੰਧਤ ਹਰ ਤਰ੍ਹਾਂ ਦਾ ਪੁਖਤਾ (Valid) ਸਰਟੀਫਿਕੇਟ ਸਬੂਤ ਵੱਜੋ ਪੇਸ਼ ਕਰੇਗਾ। ਕਾਊਂਸਲਿੰਗ ਸਮੇਂ ਕਿਸੇ ਵੀ ਲੋੜੀਂਦੇ ਦਸਤਾਵੇਜ ਦੀ ਅਣਹੋਂਦ ਵਿੱਚ ਉਮੀਦਵਾਰ ਨੂੰ ਉਪਰੋਕਤ ਆਸਾਮੀਆਂ ਲਈ ਨਹੀ ਵਿਚਾਰਿਆ ਜਾਵੇਗਾ ਅਤੇ ਮੈਰਿਟ ਲਿਸਟ ਵਿੱਚ ਮੌਜੂਦ ਅਗਲੇ ਯੋਗ ਉਮੀਦਵਾਰ ਨੂੰ ਵਿਚਾਰਦੇ ਹੋਏ ਉਸਦਾ ਨਾਮ ਨਿਯੁਕਤੀ ਲਈ ਵਿਚਾਰਿਆ ਜਾਵੇਗਾ।

9.7. ਜੇਕਰ ਕੋਈ ਉਮੀਦਵਾਰ ਉੱਕਤ ਆਸਾਮੀਆਂ ਲਈ ਅਜਿਹੀ ਸ਼੍ਰੇਣੀ/ ਸ਼੍ਰੇਣੀ ਕੋਡ ਦੇ ਵਿਰੁੱਧ ਅਪਲਾਈ ਕਰਦਾ ਹੈ, ਜਿਸਦੀ ਸ਼੍ਰੇਣੀ ਇਸ਼ਤਿਹਾਰ ਵਿੱਚ ਸ਼ਾਮਿਲ ਨਾ ਕੀਤੀ ਹੋਵੇ, ਉਸ ਸਥਿਤੀ ਵਿੱਚ ਅਜਿਹੇ ਪ੍ਰਾਰਥੀ ਦੀ ਉਮੀਦਵਾਰਤਾ ਮੁੱਢ ਤੋਂ ਹੀ ਰੱਦ ਮੰਨੀ ਜਾਵੇਗੀ।

ਨੋਟ: 1) ESM. General ਅਤੇ ESM-SC ਅਤੇ ESM- BC ਦੀਆਂ ਆਸਾਮੀਆਂ ESM ( Self) ਉਮੀਦਵਾਰਾਂ ਵਿੱਚੋਂ ਹੀ ਭਰੀਆਂ ਜਾਣਗੀਆਂ। ESM ( Self) ਉਮੀਦਵਾਰ ਉਪਲਬੱਧ ਨਾ ਹੋਣ ਦੀ ਸਥਿਤੀ ਵਿੱਚ ਹੀ ਇਹ ਆਸਾਮੀ ESM (Dependent) ਉਮੀਦਵਾਰ ਵਿੱਚੋਂ ਭਰੀਆਂ ਜਾਣਗੀਆਂ।

2) ਪੰਜਾਬ ਸਰਕਾਰ, ਰੱਖਿਆ ਸੇਵਾਵਾਂ ਭਲਾਈ ਵਿਭਾਗ ਦੇ ਨੋਟੀਫਿਕੇਸ਼ਨ ਮਿਤੀ: 8.5.2020 ਮੁਤਾਬਿਕ ਜੇਕਰ ਕਿਸੇ ਆਸਾਮੀ ਵਿਰੁੱਧ ਸਾਬਕਾ ਫੌਜੀ ਖੁਦ ਜਾਂ ਸਾਬਕਾ ਫੌਜੀ ਆਸ਼ਰਿਤ ਉਮੀਦਵਾਰ ਉਪਲਬੱਧ ਨਹੀ ਹੁੰਦਾ ਤਾਂ ਇਹ ਆਸਾਮੀ ਹੇਠ ਲਿਖੇ ਨਿਯਮ ਅਨੁਸਾਰ ਭਰੀ ਜਾਣੀ ਹੈ:-

In the Punjab Recruitment of Ex- Serviceman Rules, 1982, in rule 4, in sub-rule ( 1), for the existing third proviso, the following proviso shall be substituted, namely:-

" Provided further that when an ex- serviceman is not available for the recruitment against a reserved vacancy and further no wife or dependent child of an Ex-serviceman is available for recruitment a reserved vacancy. Such a vacancy shall be reserved to be filled in by recruitment of the grand child of a Gallantry Award Winner, In case the benefit of reservation has not been availed for by any of the children or dependents of such winner or by the winner himself subject to the conditions specified in the second proviso."

10. ਉਮਰ ਸੀਮਾਂ:-

ਉਪਰੋਕਤ ਆਸਾਮੀਆਂ ਲਈ ਉਮੀਦਵਾਰਾਂ ਦੀ ਉਮਰ ਸੀਮਾਂ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਮਿਤੀ:1.1.2021 ਨੂੰ ਹੇਠ ਲਿਖੇ ਅਨੁਸਾਰ ਹੋਣੀ ਚਾਹੀਦੀ ਹੈ :-

10.1. ਜਨਮ ਮਿਤੀ ਦੇ ਸਬੂਤ ਵੱਜੋਂ ਉਮੀਦਵਾਰ ਆਪਣਾ ਜਨਮ ਸਰਟੀਫਿਕੇਟ ਅਤੇ ਵਿਦਿਅੱਕ ਯੋਗਤਾ ਦਾ ਸਰਟੀਫਿਕੇਟ ਜਿਸ ਵਿੱਚ ਜਨਮ ਮਿਤੀ ਦਰਸਾਈ ਹੋਵੇ , ਡਰਾਈਵਿੰਗ ਲਾਇਸੰਸ, ਆਧਾਰ ਕਾਰਡ ਜਿਸ ਵਿੱਚ ਜਨਮ ਦੀ ਮਿਤੀ, ਮਹੀਨਾਂ ਅਤੇ ਸਾਲ ਸਪਸ਼ਟ ਦਰਸਾਇਆ ਹੋਵੇ ਜਾਂ ਪੰਜਾਬ ਸਰਕਾਰ / ਭਾਰਤ ਸਰਕਾਰ ਵੱਲੋਂ ਜਾਰੀ ਕੋਈ ਹੋਰ ਦਸਤਾਵੇਜ ਜਿਸ ਵਿੱਚ ਜਨਮ ਮਿਤੀ ਦਰਸਾਈ ਹੋਵੇ, ਵਿਚੋਂ ਕੋਈ ਦਸਤਾਵੇਜ ਪੇਸ਼ ਕਰੇਗਾ।

10.2. ਜਨਰਲ ਸ਼੍ਰੇਣੀ ਦੇ ਉਮੀਦਵਾਰ ਦੀ ਉਮਰ 18 ਸਾਲ ਤੋਂ ਘੱਟ ਅਤੇ 37 ਸਾਲ ਤੋਂ ਵੱਧ ਨਹੀ ਹੋਣੀ ਚਾਹੀਦੀ।

10.3. ਪੰਜਾਬ ਰਾਜ ਦੇ ਅਨੁਸੂਚਿਤ ਜਾਤੀ ਅਤੇ ਪੱਛੜੀ ਸ਼੍ਰੇਣੀ ਦੇ ਵਸਨੀਕ ਉਮੀਦਵਾਰਾਂ ਦੀ ਵੱਧ ਤੋਂ ਵੱਧ ਉਮਰ ਦੀ ਉਪਰਲੀ ਸੀਮਾ 42 ਸਾਲ ਹੋਵੇਗੀ।

10.4. ਰਾਜ ਅਤੇ ਕੇਂਦਰੀ ਸਰਕਾਰ ਦੇ ਕਰਮਚਾਰੀਆਂ ਲਈ ਉਮਰ ਦੀ ਉਪਰਲੀ ਸੀਮਾਂ ਵਿੱਚ ਛੋਟ ਦਿੰਦੇ ਹੋਏ ਵੱਧ ਤੋਂ ਵੱਧ ਉਮਰ ਸੀਮਾ 45 ਸਾਲ ਹੋਵੇਗੀ।

10.5. ਪੰਜਾਬ ਦੇ ਵਸਨੀਕ ਸਾਬਕਾ ਫੌਜੀਆਂ ਦੇ ਕੇਸ ਵਿੱਚ ਉਮਰ ਦੀ ਉਪਰਲੀ ਸੀਮਾ Punjab Recruitment of Ex- Serviceman Rules, 1982 ਵਿੱਚ ਸਮੇਂ ਸਮੇਂ ਹੋਈਆਂ ਸੋਧਾਂ ਅਨੁਸਾਰ ਹੋਵੇਗੀ। ਇਹ ਉਮਰ ਦੀ ਉਪਰਲੀ ਸੀਮਾ ਉਹਨਾਂ ਦੀ ਫੌਜ ਵਿੱਚ ਕੀਤੀ ਸੇਵਾ ਦਾ ਸਮਾਂ ਉਹਨਾਂ ਦੀ ਉਮਰ ਵਿੱਚੋਂ ਘਟਾਉਣ ਤੋਂ ਬਾਅਦ ਬਾਕੀ ਬਚੀ ਉਮਰ , ਜੇਕਰ ਸੇਵਾ ਰੂਲ ਅਨੁਸਾਰ ਆਸਾਮੀ ਦੀ ਉਮਰ ਦੀ ਉਪਰਲੀ ਸੀਮਾ ਤੋਂ 3 ਸਾਲ ਤੋਂ ਵੱਧ ਨਹੀ ਹੋਵੇਗੀ ਤਾਂ ਮੰਨਿਆ ਜਾਵੇਗਾ ਕਿ ਉਹ ਉਮਰ ਦੀ ਉਪਰਲੀ ਸੀਮਾ ਦੀਆਂ ਸ਼ਰਤਾਂ ਪੂਰੀਆਂ ਕਰਦਾ ਹੈ।

10.6. ਪੰਜਾਬ ਦੇ ਵਸਨੀਕ ਦਿਵਿਆਂਗ ਉਮੀਦਵਾਰਾਂ ਲਈ ਉਮਰ ਦੀ ਉਪਰਲੀ ਸੀਮਾ ਵਿੱਚ 10 ਸਾਲ ਦੀ ਛੋਟ ਦਿੰਦੇ ਹੋਏ ਵੱਧ ਤੋਂ ਵੱਧ ਉਮਰ ਸੀਮਾ 47 ਸਾਲ ਹੋਵੇਗੀ।

**10.7. ਪੰਜਾਬ ਸਰਕਾਰ ਵੱਲੋਂ ਪੱਤਰ ਨੰ: 1/50/83-5PP (1368)/3454 ਮਿਤੀ: 23.4.1984 ਰਾਹੀਂ ਜਾਰੀ ਹਦਾਇਤਾਂ ਅਨੁਸਾਰ ਵਿਧਵਾ,ਤਲਾਕਸ਼ੁਕਾ ਅਤੇ ਕੁਝ ਹੋਰ ਕੈਟਾਗਰੀ ਦੀਆਂ ਸ਼ਾਦੀਸ਼ੁਦਾ ਔਰਤਾਂ ਲਈ ਉਪਰਲੀ ਉਮਰ ਦੀ ਸੀਮਾ 40 ਹੋਵੇਗੀ।**

10.8. ਉਪਰਲੀ ਉਮਰ ਸੀਮਾਂ ਵਿੱਚ ਛੋਟ ਇੱਕ ਕੈਟਾਗਰੀ ਅਧੀਨ ਹੀ ਦਿੱਤੀ ਜਾਵੇਗੀ ਭਾਵ ਜੇਕਰ ਕੋਈ ਉਮੀਦਵਾਰ ਐਸ.ਸੀ ਜਾਤੀ ਨਾਲ ਸਬੰਧ ਰੱਖਣ ਤੋਂ ਇਲਾਵਾ ਵਿਧਵਾ ਔਰਤ ਵੀ ਹੈ ਤਾਂ ਉਹ ਇਹਨਾਂ ਦੋਨਾਂ ਕੈਟਾਗਰੀਆਂ ਵਿੱਚੋਂ ਇੱਕ ਕੈਟਾਗਰੀ ਜਿਸ ਵਿੱਚ ਉਹ ਚਾਹਵਾਨ ਹੋਵੇ ਉਸ ਅਧੀਨ ਉਪਰਲੀ ਸੀਮਾਂ ਵਿੱਚ ਛੋਟ ਦਾ ਲਾਭ ਲੈਣ ਦਾ ਹੱਕਦਾਰ ਹੋਵੇਗਾ।

10.9. ਜੇਕਰ ਉਮੀਦਵਾਰ ਪਹਿਲਾਂ ਤੋਂ ਹੀ ਇਸ ਨਗਰ ਨਿਗਮ (ਨਗਰ ਨਿਗਮ,ਸਾਹਿਬਜਾਦਾ ਅਜੀਤ ਸਿੰਘ ਨਗਰ) ਵਿੱਖੇ ਸਬੰਧਤ ਆਸਾਮੀ (ਸਫਾਈ ਸੇਵਕ ਜਾਂ ਸੀਵਰਮੈਨ) ਤੇ ਆਊਟਸੋਰਸ ਰਾਹੀਂ ਕੰਮ ਕਰ ਰਿਹਾ ਹੈ ਤਾਂ ਉਸਦੀ ਯੋਗਤਾ ਡਾਇਰੈਕਟਰ, ਸਥਾਨਕ ਸਰਕਾਰ ਵਿਭਾਗ, ਪੰਜਾਬ ਵੱਲੋਂ ਜਾਰੀ ਪੱਤਰ ਨੰਬਰ ਸ5-ਡਸਸ-ਮਸਸ-2021/ 33485 ਮਿਤੀ 18/08/2021 ਰਾਹੀਂ ਜਾਰੀ ਹਦਾਇਤਾਂ ਅਨੁਸਾਰ ਉਸ ਦੇ ਇਸ ਨਗਰ ਨਿਗਮ ਵਿਖੇ ਕੰਮ ਕਰਨ ਦੀ ਮਿਤੀ ਤੋਂ ਮਿੱਥੀ ਜਾਵੇਗੀ ਅਤੇ ਉਸ ਦੀ ਉਮਰ ਸਬੰਧੀ ਪਾਤਰਤਾ ਉਸਦੀ ਉਸ ਹਾਜਰੀ ਦੀ ਮਿਤੀ ਨੂੰ

ਵਿਚਾਰਦੇ ਹੋਏ ਉਸ ਸਾਲ ਦੇ ਪਹਿਲੇ ਦਿਨ ਨੂੰ ਨਿਰਧਾਰਤ ਕੀਤੀ ਜਾਵੇਗੀ। ਇਸ ਨਗਰ ਨਿਗਮ ਵਿਖੇ ਸਬੰਧਤ ਆਸਾਮੀ ਤੇ ਕੰਮ ਕਰਨ ਦੇ ਸਬੂਤ ਵੱਜੋਂ ਉਮੀਦਵਾਰ ਨੂੰ ਸਬੰਧਤ ਠੇਕੇਦਾਰ / ਸਰਵਿਸ ਪ੍ਰੋਵਾਈਡਿਰ ਜਿਸ ਨੂੰ ਇਸ ਨਗਰ ਨਿਗਮ ਵੱਲੋਂ ਸਫਾਈ ਦਾ ਠੇਕਾ ਦਿੱਤਾ ਹੋਇਆ ਜਾਂ ਸੀਵਰ ਦੀ ਦੇਖਭਾਲ ਕਰਨ ਦਾ ਠੇਕਾ ਜਾਂ ਇਹਨਾਂ ਕੰਮਾਂ ਨੂੰ ਕਰਨ ਲਈ ਮੈਨਪਾਵਰ ਸਪਲਾਈ ਕਰਨ ਦਾ ਠੇਕਾ ਦਿੱਤਾ ਗਿਆ ਸੀ ਜਾਂ ਦਿੱਤਾ ਹੋਇਆ ਹੈ ਤੋਂ ਸਰਟੀਫਿਕੇਟ ਪ੍ਰਾਪਤ ਕਰਕੇ ਆਪਣੀ ਦਰਖਾਸਤ ਨਾਲ ਲਗਾਉਣਾ ਹੋਵੇਗਾ। ਜੇਕਰ ਕਿਸੇ ਉਮੀਦਵਾਰ ਵੱਲੋਂ ਉੱਕਤ ਸਰਟੀਫਿਕੇਟ ਉੱਕਤ ਦਰਸਾਈ ਅਥਾਰਟੀ ਜਾਂ ਏਜੰਸੀ ਵੱਲੋਂ ਜਾਰੀ ਕੀਤਾ ਸਰਟੀਫਿਕੇਟ ਤੋਂ ਇਲਾਵਾ ਕਿਸੇ ਹੋਰ ਅਦਾਰੇ / ਏਜੰਸੀ ਵੱਲੋਂ ਜਾਰੀ ਕੀਤਾ ਸਰਟੀਫਿਕੇਟ ਪੇਸ਼ ਕੀਤਾ ਜਾਂਦਾ ਹੈ ਤਾਂ ਉਹ ਸਵੀਕਾਰ ਨਹੀ ਕੀਤਾ ਜਾਵੇਗਾ।

**11. ਚੋਣ ਵਿਧੀ:-**

11.1. ਉੱਕਤ ਆਸਾਮੀਆਂ ਲਈ ਸਫਲਤਾਪੂਰਵਕ ਬਿਨੈਕਾਰਾਂ ਵਾਲੇ ਉਮੀਦਵਾਰਾਂ ਦੀ ਚੋਣ ਉਹਨਾਂ ਦੀ ਵਿਦਿਅੱਕ ਯੋਗਤਾ (ਪੜਨਾ -ਲਿਖਣਾ ਜਾਣਦਾ ਹੋਵੇ) ( ਲੀਟਰੇਟ ) ਅਤੇ ਮਿਡਲ ਪਾਸ ਅਤੇ ਉਸ ਪਾਸ ਸਬੰਧਤ ਆਸਾਮੀ ਤੇ ਕੰਮ ਕਰਨ ਦੇ ਤਜਰਬੇ ਦੇ ਆਧਾਰ ਤੇ ਕੀਤੀ ਜਾਵੇਗੀ। ਚੋਣ ਲਈ ਕੁੱਲ 20 ਅੰਕ ਰੱਖੇ ਗਏ ਹਨ। ਮੈਰਿਟ ਲਿਸਟ ਉਮੀਦਵਾਰਾਂ ਵੱਲੋਂ ਪ੍ਰਾਪਤ ਕੀਤੇ ਜਾਣ ਵਾਲੇ ਅੰਕਾਂ ਦੇ ਆਧਾਰ ਤੇ ਤਿਆਰ ਕੀਤੀ ਜਾਵੇਗੀ ਅਤੇ ਆਸਾਮੀਆਂ ਦੀ ਗਿਣਤੀ ਅਨੁਸਾਰ ਮੈਰਿਟ ਲਿਸਟ ਵਿੱਚ ਸ਼ਾਮਲ ਉਪਰਲੇ/ ਜਿਆਦਾ ਅੰਕ ਲੈਣ ਵਾਲੇ ਉਮੀਦਵਾਰਾਂ ਨੂੰ ਚੁਣਿਆ ਜਾਵੇਗਾ। ਨਿਰਧਾਰਤ ਕੀਤੇ ਵੱਧ ਤੋਂ ਵੱਧ 20 ਅੰਕਾਂ ਵਿੱਚੋਂ ਵਿਦਿਅੱਕ ਯੋਗਤਾ ਅਤੇ ਤਜਰਬੇ ਦੇ ਅੰਕ ਹੇਠ ਲਿਖੇ ਅਨੁਸਾਰ ਹੋਣਗੇ :-

| ਵਿਦਿਅਕ ਯੋਗਤਾ / ਤਜਰਬਾ | ਅੰਕ |
|---|---|
| ਪੜਨਾ ਲਿਖਣਾ ਜਾਨਣ ਦੇ ਅੰਕ | 5 |
| ਮਿਡਲ ਪਾਸ | 5 |
| 3 ਸਾਲ ਦਾ ਤਜਰਬਾ | 5 |
| 4 ਸਾਲ ਦਾ ਤਜਰਬਾ | 6 |
| 5 ਸਾਲ ਦਾ ਤਜਰਬਾ | 7 |
| 6 ਸਾਲ ਦਾ ਤਜਰਬਾ | 8 |
| 7 ਸਾਲ ਦਾ ਤਜਰਬਾ | 9 |
| 8 ਸਾਲ ਦਾ ਤਜਰਬਾ ਅਤੇ ਇਸ ਤੋਂ ਵੱਧ ਅਰਸੇ ਲਈ | 10 |

11.2. ਮੈਰਿਟ ਲਿਸਟ ਵਿੱਚ ਇੱਕ ਤੋਂ ਵੱਧ ਉਮੀਦਵਾਰ ਵੱਲੋਂ ਬਰਾਬਰ ਅੰਕ ਹਾਸਲ ਕਰਨ ਵਾਲੇ ਉਮੀਦਵਾਰਾਂ ਦੀ ਜਨਮ ਮਿਤੀ ਨੂੰ ਵਿਚਾਰਿਆ ਜਾਵੇਗਾ ਅਤੇ ਵੱਧ ਉਮਰ ਵਾਲੇ ਉਮੀਦਵਾਰ ਦੀ ਮੈਰਿਟ ਉਪਰ ਮੰਨੀ ਜਾਵੇਗੀ। ਇੱਕ ਜਨਮ ਮਿਤੀ ਹੋਣ ਦੀ ਸੂਰਤ ਵਿੱਚ ਵਧੇਰੀ ਵਿਦਿਅਕ ਯੋਗਤਾ ਵਾਲੇ ਉਮੀਦਵਾਰ ਨੂੰ ਪਹਿਲ ਦਿੱਤੀ ਜਾਵੇਗੀ। ਦੋ ਉਮੀਦਵਾਰਾਂ ਦੀ ਜਨਮ ਮਿਤੀ ਇੱਕੋ ਹੋਣ ਦੀ ਸੂਰਤ ਵਿੱਚ ਵੱਧ ਵਿਦਿਅਕ ਯੋਗਤਾ ਵਾਲੇ ਉਮੀਦਵਾਰ ਨੂੰ ਪਹਿਲ ਦਿਤੀ ਜਾਵੇਗੀ। ਜੇਕਰ ਵਿਦਿਅਕ ਯੋਗਤਾ ਅਤੇ ਉਮਰ ਇੱਕੋ ਅਜਿਹੀ ਹੁੰਦੀ ਹੈ ਤਾਂ ਵਿਦਿਅਕ ਯੋਗਤਾ ਵਿੱਚ ਵੱਧ ਪ੍ਰਤੀਸ਼ਤ ਵਾਲੇ ਉਮੀਦਵਾਰ ਨੂੰ ਤਰਜੀਹ ਦਿੱਤੀ ਜਾਵੇਗੀ।

11.3. ਤਜਰਬੇ ਸਬੰਧੀ:- ਇਸ਼ਤਿਹਾਰ ਦੀ ਆਖਰੀ ਮਿਤੀ ਤੱਕ ਮੁਕੰਮਲ ਕੀਤੇ ਗਏ ਸਾਲਾਂ ਅਨੁਸਾਰ ਤਜਰਬੇ ਦੇ ਅੰਕ ਦਿੱਤੇ ਜਾਣਗੇ।

**12. ਅਪਲਾਈ ਕਰਨ ਦੀ ਵਿਧੀ:-**

12.1. ਉਮੀਦਵਾਰ ਨਗਰ ਨਿਗਮ, ਸਾਹਿਬਜਾਦਾ ਅਜੀਤ ਸਿੰਘ ਨਗਰ ਦੀ ਵੈਬ ਸਾਈਟ www.mcmohali.org ਤੇ ਮੁਹੱਈਆ ਲਿੰਕ ਤੇ ਕਲਿੱਕ ਕਰਕੇ ਮਿਤੀ: 25.10.2021 ਤੋਂ ਮਿਤੀ: 08.11.2021 ਸ਼ਾਮ 5.00 ਵਜੇ ਤੱਕ ਕੇਵਲ ਆਨ ਲਾਈਨ ਹੀ ਅਪਲਾਈ ਕਰ ਸਕਦੇ ਹਨ। ਹੋਰ ਕਿਸੇ ਵੀ ਵਿਧੀ ਰਾਹੀਂ ਭੇਜੀ ਗਈ ਦਰਖਾਸਤ ਰੱਦ ਸਮਝੀ ਜਾਵੇਗੀ।

12.2. ਉਮੀਦਵਾਰ online Application from submit/ ਜਮ੍ਹਾਂ ਕਰਨ ਸਮੇਂ ਬਣਦੀ ਫੀਸ Net Banking , Credit Card, Debit Card ,Rupay Card, Phone Pay,Google Pay, Paytm, RTGS, NEFT RTGS/ NEFT ਜਾਂ ਬੈਂਕ ਚਲਾਨ ਰਾਹੀਂ ਜਮਾਂ ਕਰਵਾਉਣਗੇ। ਜੇਕਰ ਕਿਸੇ ਕਾਰਨ ਉਮੀਦਵਾਰ ਵੱਲੋਂ ਉਕਤ ਦਰਸਾਏ ਅਨੁਸਾਰ ਫੀਸ ਜਮ੍ਹਾਂ ਨਹੀ ਹੋ ਪਾਉਂਦੀ ਤਾਂ ਉਸ ਦੀ ਅਰਜੀ ਰੱਦ ਸਮਝੀ ਜਾਵੇਗੀ ਅਤੇ ਫੀਸ ਅਰਜੀਆਂ ਪ੍ਰਾਪਤ ਕਰਨ ਦੀ ਆਖਰੀ ਮਿਤੀ:11.11.2021 ਤੱਕ ਜਮ੍ਹਾਂ ਨਾ ਹੋਣ ਦੀ ਸੂਰਤ ਵਿੱਚ ਨਗਰ ਨਿਗਮ ਦੀ ਕੋਈ ਜਿੰਮੇਵਾਰੀ ਨਹੀ ਹੋਵੇਗੀ।

12.3. ਉਮੀਦਵਾਰ ਦੁਆਰਾ ਲੋੜੀਂਦੀ ਫੀਸ ਜਮ੍ਹਾਂ ਕਰਵਾਉਣ ਉਪਰੰਤ ਹੀ ਆਨਲਾਈਨ ਅਪਲਾਈ ਕਰਨ ਦੀ ਪ੍ਰਕਿਰਿਆ ਮੁਕੰਮਲ ਹੋ ਸਕੇਗੀ ਅਤੇ ਆਨ ਲਾਈਨ ਐਪਲੀਕੇਸ਼ਨ ਫਾਰਮ ਸਵੀਕਾਰ ਕੀਤਾ ਜਾਵੇਗਾ। ਇਸ ਉਪਰੰਤ ਹੀ ਫੀਸ

ਅਦਾ ਕਰਨ ਦੀ ਮਿਤੀ ਤੋਂ ਬਾਅਦ ਦੋ ਦਿਨ ਛੱਡ ਕੇ ਅਗਲੀ ਮਿਤੀ ਤੋਂ ਆਨਲਾਈਨ ਐਪਲੀਕੇਸ਼ਨ ਫਾਰਮ ਜਨਰੇਟ/ ਡਾਊਨਲੋਡ ਹੋ ਸਕੇਗਾ। ਉਮੀਦਵਾਰ ਇਸ ਫਾਰਮ ਦਾ ਪ੍ਰਿੰਟ ਲੈ ਕੇ ਭਵਿੱਖ ਲਈ ਸੰਭਾਲ ਕੇ ਰੱਖਣ ਲਈ ਜ਼ਿੰਮੇਵਾਰ ਹੋਵੇਗਾ।

12.4. ਜੇਕਰ ਉਮੀਦਵਾਰ ਵੱਲੋਂ ਆਨਲਾਈਨ ਫਾਰਮ ਭਰਨ ਸਮੇਂ ਕੋਈ ਗਲਤੀ ਹੋ ਜਾਂਦੀ ਹੈ ਤਾਂ ਸਿਰਫ online Application form submit ਕਰਨ ਤੋਂ ਪਹਿਲਾਂ ਹੀ ਉਸ ਪਾਸ ਫਾਰਮ ਵਿੱਚ ਸੋਧ ਕਰਨ ਦਾ ਮੌਕਾ ਹੋਵੇਗਾ। ਉਮੀਦਵਾਰ ਦੁਆਰਾ ਇੱਕ ਵਾਰ online Application from submit ਕਰਨ ਉਪਰੰਤ ਕਿਸੇ ਵੀ ਹਾਲਤ ਵਿੱਚ ਇਸ ਵਿੱਚ, ਕਿਸੇ ਵੀ ਤਰ੍ਹਾਂ ਦੀ ਸੋਧ ਨਹੀਂ ਕੀਤੀ ਜਾ ਸਕੇਗੀ ਅਤੇ ਨਾ ਹੀ ਭਵਿੱਖ ਵਿੱਚ ਸੋਧ ਕਰਨ ਸਬੰਧੀ ਉਮੀਦਵਾਰ ਦੀ ਕੋਈ ਪ੍ਰਤੀਬੇਨਤੀ/ਮੰਗ ਦਫਤਰ ਵੱਲੋਂ ਸਵੀਕਾਰ ਕੀਤੀ ਜਾਵੇਗੀ।

12.5. ਕਿਸੇ ਵੀ ਉਮੀਦਵਾਰ ਨੂੰ ਫੀਸ ਦੀ ਮੁਆਫੀ/ ਛੋਟ ਨਹੀ ਦਿੱਤੀ ਜਾਵੇਗੀ ਅਤੇ ਫੀਸ ਦਾ ਭੁਗਤਾਨ ਨਾ ਕਰਨ ਦੀ ਹਾਲਤ ਵਿੱਚ ਉਸਦਾ ਐਪਲੀਕੇਸ਼ਨ ਫਾਰਮ ਅਧੂਰਾ ਸਮਝਦੇ ਹੋਵੇ ਸਵੀਕਾਰ ਨਹੀਂ ਕੀਤਾ ਜਾਵੇਗਾ ਅਤੇ ਉਸਦੀ ਅਰਜੀ/ ਪਾਤਰਤਾ ਮੁੱਢ ਤੋਂ ਹੀ ਰੱਦ ਸਮਝੀ ਜਾਵੇਗੀ।

12.6. ਕਿਸੇ ਹੋਰ ਵਿਧੀ ਰਾਹੀਂ ਭੇਜੀ ਗਈ ਅਰਜੀ ਜਾਂ ਕਿਸੇ ਹੋਰ ਵਿਧੀ ਰਾਹੀਂ ਜਮ੍ਹਾਂ ਕਰਵਾਈ ਗਈ ਫੀਸ ਨੂੰ ਵੈਲਿਡ ਨਹੀ ਮੰਨਿਆ ਜਾਵੇਗਾ ਅਤੇ ਅਜਿਹੀ ਅਰਜੀ ਨੂੰ ਸਵੀਕਾਰ ਨਾ ਕਰਦੇ ਹੋਏ ਰੱਦ ਕਰ ਦਿੱਤਾ ਜਾਵੇਗਾ।

12.7. Net Banking , Credit Card, Debit Card ,Rupay Card, Phone Pay,Google Pay, Paytm, RTGS, NEFT ਜਾਂ ਬੈਂਕ ਚਲਾਨ ਰਾਹੀਂ ਅਦਾ ਕੀਤੀ ਫੀਸ, ਕਿਸੇ ਵੀ ਕਾਰਨ ਕਰਕੇ ,ਅਸਫਲ ਹੋਣ ਦੀ ਸਥਿਤੀ ਵਿੱਚ ਉਮੀਦਵਾਰ ਦੀ ਅਰਜੀ ਪ੍ਰਵਾਨ ਨਹੀਂ ਕੀਤੀ ਜਾਵੇਗੀ।

## 13. ਉਮੀਦਵਾਰ ਨੂੰ ਅਯੋਗ ਕਰਾਰ ਦੇਣ ਜਾਂ ਪਾਤਰਤਾ ਰੱਦ ਕਰਨ ਦੀਆਂ ਸ਼ਰਤਾਂ–

ਹੇਠ ਦਰਸਾਈ ਕਿਸੇ ਵੀ ਸਥਿਤੀ ਵਿੱਚ ਉਮੀਦਵਾਰ ਨੂੰ ਅਯੋਗ ਕਰਾਰ ਦਿੰਦੇ ਹੋਏ ਉਸਦੀ ਪਾਤਰਤਾ ਰੱਦ ਕਰ ਦਿੱਤੀ ਜਾਵੇਗੀ:-

13.1. ਪੂਰੀ ਫੀਸ ਪ੍ਰਾਪਤ ਨਾ ਹੋਣ ਜਾਂ ਨਿਰਧਾਰਤ ਵਿਧੀ ਅਨੁਸਾਰ ਫੀਸ ਜੁਮਾਂ ਨਾ ਕਰਵਾਉਣ;

13.2 ਬਿਨੈ ਪੱਤਰ ਵਿੱਚ ਅਧੂਰੀ ਜਾਂ ਗਲਤ ਸੂਚਨਾ ਭਰਨਾ;

13.3. ਆਨਲਾਈਨ ਬਿਨੇ ਕਰਨ ਦੀ ਪੂਰੀ ਪ੍ਰਕਿਰਿਆ ਮੁਕੰਮਲ ਨਾ ਕਰਨਾ;

13.4. ਲੋੜੀਂਦੀ ਵਿੱਦਿਅਕ ਯੋਗਤਾ, ਉਮਰ , ਰਾਖਵਾਂਕਰਨ ਜਾਂ ਭਰਤੀ ਦੀਆਂ ਹੋਰ ਸ਼ਰਤਾ ਪੂਰੀਆਂ ਨਾ ਹੋਣਾ;

13.5. ਆਨਲਾਈਨ ਬਿਨੈ ਕਰਨ ਦੀ ਪ੍ਰਕਿਰਿਆ ਦੀ ਥਾਂ ਕਿਸੇ ਹੋਰ ਪ੍ਰਕਿਰਿਆ ਰਾਹੀਂ ਬਿਨੈ ਕਰਨਾ;

13.6. ਤਕਨੀਕੀ ਕਾਰਨਾਂ ਕਰਕੇ ਆਨ-ਲਾਈਨ ਫੀਸ ਦਾ ਜਮ੍ਹਾ ਨਾ ਹੋਣਾ;

## 14. ਬਿਨੈਕਾਰਾਂ ਦੇ ਧਿਆਨ ਹਿੱਤ ਅਤਿ ਜ਼ਰੂਰੀ ਹਦਾਇਤਾਂ: –

14.1. ਨਗਰ ਨਿਗਮ ਵੱਲੋਂ ਆਸਾਮੀਆਂ ਦੀ ਗਿਣਤੀ ਕਿਸੇ ਵੀ ਸਮੇਂ ਘਟਾਈ ਜਾਂ ਵਧਾਈ ਜਾ ਸਕਦੀ ਹੈ।

14.2. ਇਹਨਾਂ ਆਸਾਮੀਆਂ ਦੀ ਕੈਟਾਗਰੀ ਵਾਈਜ ਵੰਡ ਅਤੇ ਰਾਖਵਾਂਕਰਨ ਨਗਰ ਨਿਗਮ ਵਲੋਂ ਨਿਰਧਾਰਤ ਕੀਤਾ ਗਿਆ ਹੈ। ਇਹਨਾਂ ਆਸਾਮੀਆਂ ਲਈ ਹਰ ਸ਼੍ਰੇਣੀ ਲਈ ਰਾਖਵਾਂਕਰਨ ਪੰਜਾਬ ਸਰਕਾਰ ਦੀਆਂ, ਰਾਖਵਾਂਕਰਨ ਸਬੰਧੀ ਨੀਤੀ/ ਹਦਾਇਤਾਂ/ ਨਿਯਮਾਂ ਅਨੁਸਾਰ ਲਾਗੂ ਹੋਵੇਗਾ। Economic Weaker Sections ਲਈ ਰਾਖਵਾਂਕਰਨ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ,ਪੰਜਾਬ ਦੇ ਪੱਤਰ ਨੰ: 01/03/2019-ਆਰ.ਸੀ.1/120 ਮਿਤੀ: 28 ਮਈ, 2019 ਰਾਹੀਂ ਜਾਰੀ ਹਦਾਇਤਾਂ ਅਤੇ ਇਸ ਨੂੰ ਲਾਗੂ ਕਰਨ ਸਬੰਧੀ ਸਮੇਂ ਸਮੇਂ ਤੇ ਹੋਰ ਵੀ ਜਾਰੀ ਕੀਤੀਆਂ ਹਦਾਇਤਾਂ/ਨਿਯਮਾਂ ਦੇ ਅਨੁਸਾਰ ਲਾਗੂ ਹੋਵੇਗਾ।

14.3. ਇਹਨਾਂ ਆਸਾਮੀਆਂ ਲਈ ਉਮੀਦਵਾਰ ਕੇਵਲ ਨਗਰ ਨਿਗਮ,ਸਾਹਿਬਜਾਦਾ ਅਜੀਤ ਸਿੰਘ ਨਗਰ ਦੀ ਵੈੱਬਸਾਈਟ www.mcmohali.org ਤੇ ਹੀ ਆਨਲਾਈਨ ਅਪਲਾਈ ਕਰ ਸਕਦੇ ਹਨ। ਇਸ ਤੋਂ ਬਿਨ੍ਹਾਂ ਕਿਸੇ ਵੀ ਵਿਧੀ ਰਾਹੀਂ ਭੇਜੀ ਗਈ ਅਰਜੀ ਰੱਦ ਸਮਝੀ ਜਾਵੇਗੀ।

14.4. ਆਨਲਾਈਨ ਫਾਰਮ ਭਰਨ ਸਮੇਂ ਹੋਈ ਕਿਸੇ ਵੀ ਗਲਤੀ ਲਈ ਉਮੀਦਵਾਰ ਖੁਦ ਜਿੰਮੇਵਾਰ ਹੋਵੇਗਾ। ਨਗਰ ਨਿਗਮ ਦੀ ਇਸ ਸਬੰਧੀ ਕੋਈ ਜਿੰਮੇਵਾਰੀ ਨਹੀ ਹੋਵੇਗੀ ਅਤੇ ਨਾ ਹੀ ਕਿਸੇ ਵੀ ਕਾਲਮ ਵਿੱਚ ਸੋਧ ਕੀਤੀ ਜਾਵੇਗੀ। ਉਮੀਦਵਾਰ ਵੱਲੋਂ ਇੱਕ ਵਾਰ ਭਰਿਆ ਗਿਆ ਡਾਟਾ ਕਿਸੇ ਵੀ ਹਾਲਤ ਵਿੱਚ ਬਦਲਣ ਦੀ ਆਗਿਆ ਨਹੀ ਹੋਵੇਗੀ।

14.5. ਉਮੀਦਵਾਰ ਨੂੰ ਇਹ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਇਹਨਾਂ ਆਸਾਮੀਆਂ ਲਈ ਖੁਦ ਆਨਲਾਈਨ ਅਪਲਾਈ ਕਰਨ। ਉਮੀਦਵਾਰ ਵੱਲੋਂ ਫਾਰਮ ਭਰਨ ਲਈ ਕਿਸੇ ਹੋਰ ਵਿਅਕਤੀ/ ਸਾਈਬਰ ਕੈਫੇ ਅਟੈਂਡੈਂਟ ਦੀ ਮੱਦਦ ਲੈਣ ਦੀ ਸਥਿਤੀ ਵਿੱਚ ਕੋਈ ਵੀ ਗਲਤੀ ਹੋ ਜਾਣ ਉਪਰੰਤ ਕਿਸੇ ਵੀ ਹਾਲਤ ਵਿੱਚ ਫਾਰਮ ਦੇ ਕਿਸੇ ਵੀ ਕਾਲਮ ਵਿੱਚ ਸੋਧ ਨਹੀ ਕੀਤੀ ਜਾਵੇਗੀ।

14.6. ਉਮੀਦਵਾਰ ਵੱਲੋਂ ਅਧੂਰਾ ਫਾਰਮ ਭਰਨ ਜਾਂ ਆਨਲਾਈਨ ਬਿਨੈ ਕਰਨ ਦੀ ਪ੍ਰਕਿਰਿਆ ਪੂਰੀ ਨਾ ਕਰਨ ਜਾਂ ਲੋੜੀਂਦੇ ਦਸਤਾਵੇਜ ਅਪਲੋਡ ਨਾ ਕਰਨ ਦੀ ਸਥਿਤੀ ਵਿੱਚ ਉਸਦਾ ਬਿਨੈ ਪੱਤਰ ਸਵੀਕਾਰ ਨਹੀਂ ਕੀਤਾ ਜਾਵੇਗਾ ਅਤੇ ਉਸਨੂੰ ਇਹਨਾਂ ਆਸਾਮੀਆਂ ਲਈ ਉਮੀਦਵਾਰ ਨਹੀ ਮੰਨਿਆ ਜਾਵੇਗਾ।

14.7. ਆਨਲਾਈਨ ਅਪਲਾਈ ਕਰਨ ਸਮੇਂ ਉਮੀਦਵਾਰ ਲੋੜੀਂਦੇ ਸਰਟੀਫਿਕੇਟ (ਜਿਵੇਂ ਕਿ ਜਨਮ ਮਿਤੀ ਸਬੰਧੀ, ਵਿਦਿਅੱਕ ਯੋਗਤਾ,ਜਾਤੀ ਸਬੰਧੀ ਆਦਿ) ਸਕੈਨ ਕਰਕੇ ਵੈੱਬਸਾਈਟ ਤੇ ਦਰਸਾਈਆਂ ਹਦਾਇਤਾਂ ਮੁਤਾਬਕ ਨਾਲ ਹੀ ਅਪਲੋਡ ਕਰਨਗੇ।

14.8. ਉਮੀਦਵਾਰ ਸ਼੍ਰੇਣੀ ਅਤੇ ਇਸਦੇ ਕੋਡ ਦਾ ਧਿਆਨ ਰੱਖਦੇ ਹੋਏ ਆਨਲਾਈਨ ਫਾਰਮ ਧਿਆਨ ਨਾਲ ਭਰਨ ਕਿਉਂਕਿ ਕਿਸੇ ਵੀ ਸਟੇਜ ਤੇ ਸ਼੍ਰੇਣੀ-ਕੋਡ ਤਬਦੀਲ ਨਹੀਂ ਕੀਤਾ ਜਾ ਸਕੇਗਾ।

14.9. ਵੱਖ ਵੱਖ ਵਰਗਾਂ/ਸ਼੍ਰੇਣੀਆਂ ਦੀਆਂ ਆਸਾਮੀਆਂ ਉਸ ਵਰਗ/ ਸ਼੍ਰੇਣੀ ਵਿੱਚ ਆਸਾਮੀਆਂ ਦੀ ਉਪੱਲਬਤਾ ਅਨੁਸਾਰ ਭਰੀਆਂ ਜਾਣਗੀਆਂ।

14.10. ਉਮੀਦਵਾਰ ਵੱਲੋਂ ਭਰਤੀ ਦੀ ਕਿਸੇ ਵੀ ਸਟੇਜ ਤੇ ਉਪਲਬੱਧ ਕਰਵਾਏ ਕਿਸੇ ਵੀ ਦਸਦਾਵੇਜ ਦੇ ਗਲਤ ਸਾਬਤ ਹੋਣ ਤੇ ਉਸਦਾ ਨਾਮ ਮੈਰਿਟ ਸੂਚੀ ਵਿੱਚੋਂ ਕੱਢ ਦਿੱਤਾ ਜਾਵੇਗਾ ਅਤੇ ਉਸਦੀ ਪਾਤਰਤਾ ਰੱਦ ਕਰ ਦਿੱਤੀ ਜਾਵੇਗੀ। ਅਜਿਹੇ ਉਮੀਦਵਾਰ ਵਿਰੁੱਧ ਨਿਯਮਾਂ ਅਨੁਸਾਰ ਕਾਨੂੰਨੀ ਕਾਰਵਾਈ ਵੀ ਆਰੰਭੀ ਜਾ ਸਕਦੀ ਹੈ।

14.11. ਉਮੀਦਵਾਰ ਕਾਊਂਸਲਿੰਗ ਸਮੇਂ ਲੋੜੀਂਦੀ ਵਿੱਦਿਅਕ ਯੋਗਤਾ/ ਤਜਰਬੇ ਨਾਲ ਸਬੰਧਤ ਆਪਣੇ ਸਰਟੀਫਿਕੇਟ ਅਤੇ ਉਹਨਾਂ ਦੀਆਂ ਤਸਦੀਕਸ਼ੁਦਾ ਕਾਪੀਆਂ ਪੇਸ਼ ਕਰਨਗੇ। ਇਹ ਸਾਰੇ ਦਸਤਾਵੇਜ ਅਪਲਾਈ ਕਰਨ ਦੀ ਮਿਤੀ ਤੋਂ ਪਹਿਲਾਂ ਦੇ ਹੋਣੇ ਚਾਹੀਦੇ ਹਨ। ਕਾਊਂਸਲਿੰਗ ਸਮੇਂ ਕਿਸੇ ਵੀ ਲੋੜੀਂਦੇ ਦਸਤਾਵੇਜ ਦੀ ਅਣਹੋਂਦ ਵਿੱਚ ਉਮੀਦਵਾਰ ਨੂੰ ਉਪਰੋਕਤ ਆਸਾਮੀਆਂ ਲਈ ਨਹੀ ਵਿਚਾਰਿਆ ਜਾਵੇਗਾ ਅਤੇ ਮੈਰਿਟ ਲਿਸਟ ਮੌਜੂਦ ਅਗਲੇ ਯੋਗ ਉਮੀਦਵਾਰ ਦਾ ਨਾਮ ਨਿਯੁਕਤੀ ਲਈ ਵਿਚਾਰਿਆ ਜਾਵੇਗਾ।

14.12. ਕਾਊਂਸਲਿੰਗ ਲਈ ਆਉਣ ਵਾਲੇ ਉਮੀਦਵਾਰਾਂ ਨੂੰ ਕੋਈ ਟੀ.ਏ/ ਡੀ.ਏ ਅਦਾ ਨਹੀ ਕੀਤਾ ਜਾਵੇਗਾ।

14.13. ਉਮੀਦਵਾਰ ਦੁਆਰਾ ਇੱਕ ਵਾਰ ਅਦਾ ਕੀਤੀ ਫੀਸ ਨਗਰ ਨਿਗਮ/ ਬੈਂਕ ਦੁਆਰਾ ਕਿਸੇ ਵੀ ਸਥਿਤੀ ਵਿੱਚ ਵਾਪਸ ਨਹੀਂ ਕੀਤੀ ਜਾਵੇਗੀ।

14.14. ਇਸ ਭਰਤੀ ਸਬੰਧੀ ਨਗਰ ਨਿਗਮ ਵੱਲੋਂ ਭਵਿੱਖ ਵਿੱਚ ਜਾਰੀ ਕੀਤੀ ਕੋਈ ਵੀ ਸੋਧ/ ਨੋਟਿਸ/ Corrigendum ਇਸ ਭਰਤੀ ਤੇ ਲਾਗੂ ਹੋਵੇਗਾ ਅਤੇ ਉਮੀਦਵਾਰ ਇਸਦੀ ਪਾਲਣਾ ਕਰਨੀ ਯਕੀਨੀ ਬਨਾਉਣਗੇ।

14.15. ਪੰਜਾਬ ਸਰਕਾਰ ਆਮ ਰਾਜ ਪ੍ਰਬੰਧ ਵਿਭਾਗ ਵੱਲੋਂ ਪੱਤਰ ਅੰ:ਵਿ:ਪੱ: ਨੰ: 1/260/2021-1 ਕੈਬਨਿਟ/7104 ਮਿਤੀ: 18.10.2021 ਰਾਹੀਂ ਜਾਰੀ ਹਦਾਇਤਾਂ ਦੀ ਰੋਸ਼ਨੀ ਵਿੱਚ ਸਥਾਨਕ ਸਰਕਾਰ ਵਿਭਾਗ,ਪੰਜਾਬ ਵੱਲੋਂ ਸਮੇਂ ਸਮੇਂ ਤੇ ਜਾਰੀ ਦਿਸ਼ਾ ਨਿਰਦੇਸ਼ ਇਸ ਭਰਤੀ ਤੇ ਵੀ ਲਾਗੂ ਹੋਣਗੇ।

14.16. ਇਸ ਭਰਤੀ ਸਬੰਧੀ ਕਿਸੇ ਵੀ ਤਰ੍ਹਾਂ ਦੀ ਤਬਦੀਲੀ/ ਸੋਧ ਕਰਨ ਦਾ ਅਧਿਕਾਰ ਨਗਰ ਨਿਗਮ ਪਾਸ ਰਾਖਵਾਂ ਹੋਵੇਗਾ ਅਤੇ ਕਿਸੇ ਵੀ ਮਾਮਲੇ/ ਵਿਸ਼ੇ ਸਬੰਧੀ ਨਗਰ ਨਿਗਮ ਦੁਆਰਾ ਗਠਿਤ ਕੀਤੀ ਕਮੇਟੀ ਦਾ ਫੈਸਲਾ ਅੰਤਿਮ ਅਤੇ ਸਾਰੇ ਉਮੀਦਵਾਰਾਂ ਤੇ ਲਾਗੂ ਹੋਵੇਗਾ।

14.17. ਇਸ ਭਰਤੀ ਸਬੰਧੀ ਹੋਰ ਜਾਣਕਾਰੀ ਪ੍ਰਾਪਤ ਕਰਨ ਲਈ ਕਿਸੇ ਵੀ ਕੰਮ-ਕਾਜ ਵਾਲੇ ਦਿਨ 10.00 ਏ.ਐਮ ਤੋਂ 01.00 ਪੀ.ਐਮ ਦੇ ਦਫਤਰੀ ਫੋਨ ਨੰ:0172-5061654 ਤੇ ਸੰਪਰਕ ਕੀਤਾ ਜਾ ਸਕਦਾ ਹੈ।

14.18. ਇਸ ਇਸ਼ਤਿਹਾਰ/ ਭਰਤੀ ਸਬੰਧੀ ਜੇਕਰ ਕੋਈ ਤਰੁੱਟੀ ਧਿਆਨ ਵਿੱਚ ਆਉਂਦੀ ਹੈ ਤਾਂ ਉਸ ਨੂੰ ਸੁਧਾਰਨ ਦਾ ਹੱਕ ਨਗਰ ਨਿਗਮ ਕੋਲ ਰਾਖਵਾਂ ਹੋਵੇਗਾ।

14.19. ਉਮੀਦਵਾਰ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਇਸ ਭਰਤੀ ਸਬੰਧੀ ਤਾਜਾ ਸਥਿਤੀ ਬਾਰੇ ਆਪਣੇ ਈ ਮੇਲ ਅਤੇ ਵੈਬ ਸਾਈਟ ਨੂੰ ਚੈੱਕ ਕਰਦੇ ਰਹਿਣ। ਉਮੀਦਵਾਰਾ ਨੂੰ ਕਿਸੇ ਵੀ ਤਰ੍ਹਾਂ ਦੀ ਸੋਧ ਸਬੰਧੀ ਵੱਖਰੇ ਤੌਰ ਤੇ ਸੂਚਿਤ ਨਹੀ ਕੀਤਾ ਜਾਵੇਗਾ।

14.20. ਇਸ ਇਸ਼ਤਿਹਾਰ ਰਾਹੀਂ ਕੀਤੀ ਜਾਣ ਵਾਲੀ ਭਰਤੀ ਸਬੰਧੀ ਪੰਜਾਬ ਸਰਕਾਰ/ ਸਥਾਨਕ ਸਰਕਾਰ ਵਿਭਾਗ ਵੱਲੋਂ ਸਮੇਂ ਸਮੇਂ ਸਿਰ ਜਾਰੀ ਕੀਤੀਆਂ ਜਾਣ ਵਾਲੀਆਂ ਹਦਾਇਤਾਂ/ ਨਿਰਦੇਸ਼ ਲਾਗੂ ਹੋਣਗੇ।

ਕਮਿਸ਼ਨਰ,
ਨਗਰ ਨਿਗਮ,
ਸਾਹਿਬਜਾਦਾ ਅਜੀਤ ਸਿੰਘ ਨਗਰ।